Punjab Government Gazette
EXTRAORDINARY
*Published by Authority*

CHANDIGARH, THURSDAY, DECEMBER 25, 2025 (PAUSA 4, 1947 SAKA)

**ਪੰਜਾਬ ਸਰਕਾਰ**

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

**ਅਧਿਸੂਚਨਾ**

ਮਿਤੀ 22 ਦਸੰਬਰ, 2025

**ਨੰਬਰ:04/106/ਹਲਕਾਬੰਦੀ(ਸ-1)/ਮਚਸ਼/2025/276 .-** ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ III ਆਫ 1911) ਦੀ ਧਾਰਾ 240 ਦੇ ਉਪਬੰਧਾਂ ਅਨੁਸਾਰ ਅਤੇ ਡਿਲੀਮੀਟੇਸ਼ਨ ਆਫ ਵਾਰਡਜ਼ ਆਫ ਮਿਉਂਸਪੈਲਟੀਜ ਰੂਲਜ, 1972 ਦੇ ਨਿਯਮ 8 ਅਧੀਨ ਇਸ ਤੋਂ ਪਹਿਲਾਂ ਇਸ ਸਬੰਧ ਵਿੱਚ ਜਾਰੀ ਕੀਤੇ ਹੁਕਮਾਂ ਦਾ ਅਧਿਲੰਘਣ ਕਰਦੇ ਹੋਏ ਹੇਠਾਂ ਲਿਖਿਆ ਨਿਯਮਾਂ ਦਾ ਖਰੜ੍ਹਾ ਜਿਨ੍ਹਾਂ ਨੂੰ ਬਨਾਉਣ ਲਈ ਪੰਜਾਬ ਦੇ ਰਾਜਪਾਲ ਤਜਵੀਜ ਕਰਦੇ ਹਨ ਅਤੇ ਇਸ ਸਬੰਧ ਵਿੱਚ ਆਪਣੀਆਂ ਸਮੂਹ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਗਰ ਕੌਂਸਲ ਨੰਗਲ, ਜਿਲ੍ਹਾ ਰੂਪਨਗਰ ਦੇ ਵਾਰਡਾਂ ਦੀ ਹਲਕਾਬੰਦੀ ਉਨ੍ਹਾਂ ਵਿਅਕਤੀਆਂ ਦੀ ਸੂਚਨਾ ਲਈ ਪ੍ਰਕਾਸ਼ਤ ਕਰਦੇ ਹਨ, ਜਿਨ੍ਹਾਂ ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਹੋਵੇ। ਉਹ ਇਸ ਅਧਿਸੂਚਨਾ ਦੇ ਪ੍ਰਕਾਸ਼ਤ ਹੋਣ ਤੋਂ 7 ਦਿਨਾਂ ਦੇ ਪਿੱਛੋਂ ਨਿਮਨ ਅਨੁਸਾਰ ਖਰੜੇ ਤੇ ਪ੍ਰਾਪਤ ਉਨ੍ਹਾਂ ਇਤਰਾਜਾਂ/ ਸੁਝਾਵਾਂ ਤੇ ਵਿਚਾਰ ਕੀਤਾ ਜਾਵੇਗਾ ਜਿਹੜੇ ਨਿਯਮਾਂ ਦੇ ਖਰੜੇ ਸਬੰਧੀ ਕਿਸੇ ਵੀ ਅਸਰ ਸੰਭਾਵੀ ਵਿਅਕਤੀ ਵਲੋਂ ਉਕਤ ਅਨੁਸਾਰ ਮਿੱਥੇ ਸਮੇ ਅੰਦਰ ਸਬੰਧਤ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਰਾਂਹੀਂ ਮੁੱਖ ਸਕੱਤਰ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਨੂੰ ਪ੍ਰਾਪਤ ਹੋਣਗੇ।

<u>ਨਿਯਮਾਂ ਦਾ ਖਰੜਾ</u>

ਨਗਰ ਕੌਂਸਲ, ਨੰਗਲ, ਜਿਲ੍ਹਾ ਰੂਪਨਗਰ ਦੇ ਨਗਰ ਪਾਲਾ ਦੀ ਚੋਣ ਦੇ ਮਕਸਦ ਲਈ ਨਗਰ ਕੌਂਸਲ, ਨੰਗਲ ਨੂੰ 19 ਵਾਰਡਾਂ ਵਿਚ ਵੰਡਿਆ ਜਾਵੇਗਾ ਜਿਨ੍ਹਾਂ ਪਿੱਛੇ 13 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸਬਦਾਂ ਵਿਚ:-

1. ਅਨੁਸੂਚਿਤ ਜਾਤੀਆ ਦੇ ਮੈਂਬਰਾ ਲਈ ਰਾਖਵਾਂ:
2. ਇਸਤਰੀ ਮੈਂਬਰਾਂ ਲਈ ਰਾਖਵਾਂ:
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾ ਲਈ ਰਾਖਵਾਂ ਅਤੇ
4. ਪੱਛੜੀ ਸ਼੍ਰੇਣੀਆਂ ਦੇ ਮੈਂਬਰਾ ਲਈ ਰਾਖਵਾਂ,

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿਚ ਕੀਤਾ ਜਾਂਦਾ ਹੈ।

## ਨਗਰ ਕੌਂਸਲ, ਨੰਗਲ, ਜਿਲ੍ਹਾ ਰੂਪਨਗਰ ਦੇ ਵਾਰਡਾਂ ਦੀਆਂ ਹੱਦਾਂ ਦਾ ਵਰਨਣ ਦੱਸਦੀ ਅਨੁਸੂਚੀ

### ਵਾਰਡ ਨੰ: 1 (ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਕੌਂਸਲ, ਨੰਗਲ ਦੇ ਉੱਤਰੀ ਹੱਦ ਅਤੇ ਰੇਲਵੇ ਲਾਇਨ ਤੋਂ ਆਰੰਭ ਹੋ ਕੇ ਬਰਮਾਲਾ ਫਾਟਕ ਤੀਕ, ਉਕਤ ਫਾਟਕ ਤੋਂ ਚੱਲਦੇ ਹੋਏ ਮੇਨ ਭਾਖੜਾ ਰੋਡ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਖੰਡ ਬਰਮਲਾ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਸੜਕ ਸਮਸ਼ਾਨ ਘਾਟ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਦੁਕਾਨਾਂ ਧਰਮਵੀਰ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਪੁਰਾਣੀ ਬਿਲਡਿੰਗ ਪੀਆਰਓ ਪਬਲਿਕ ਬਿਲਡਿੰਗ ਦਫਤਰ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਬੀਬੀਐਮਬੀ ਟਰੀਟਮੈਂਟ ਪਲਾਂਟ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਕ੍ਰਿਕਟ ਗਰਾਊਂਡ ਸੜਕ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਸੜਕ ਲੇਕ ਵਿਊ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਡੀਏਵੀ ਸਕੂਲ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਐਸਬੀਆਈ ਬੈਂਕ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਬੀਬੀਐਮਬੀ ਵਰਕਸ਼ਾਪ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਆਈਟੀਆਈ ਨੰਗਲ ਦੀ ਸੜਕ ਤੋਂ ਪੁਰਾਣਾ ਨੰਗਲ ਡੈਮ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਨੰਗਲ ਝੀਲ ਦੇ ਕੰਡੇ-2 ਨਗਰ ਕੌਂਸਲ ਦੀ ਉਤਰੀ ਹੱਦ ਤੀਕ, ਉਕਤ ਹੱਦ ਤੋਂ ਚੱਲਦੇ ਹੋਏ ਨਗਰ ਕੌਂਸਲ, ਨੰਗਲ ਦੇ ਉੱਤਰੀ ਹੱਦ ਅਤੇ ਰੇਲਵੇ ਲਾਇਨ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

### ਵਾਰਡ ਨੰ: 2 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਭਾਖੜਾ ਮੇਨ ਰੋਡ ਤੇ ਪਿੰਡ ਦੁਬੇਟਾ ਨੂੰ ਜਾਣ ਵਾਲੀ ਸੜਕ ਦੇ ਮਿਲਣ ਵਾਲੇ ਸਥਾਨ ਤੋ ਆਰੰਭ ਹੋ ਕੇ ਰੇਲਵੇ ਲਾਈਨ ਤੀਕ, ਉਕਤ ਰੇਲਵੇ ਲਾਈਨ ਤੋਂ ਚੱਲਦੇ ਹੋਏ ਪੀ.ਆਰ.ਓ ਫਾਟਕ ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਗੁਰੂਦੁਆਰਾ ਸਾਹਿਬ ਦੀ ਗਲੀ ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਸੰਜੇ ਸਾਹਨੀ ਦੇ ਘਰ ਦੀ ਗਲੀ ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਗੁਰਦੀਪ ਬਾਵਾ ਦੇ ਸਾਹਮਣੇ ਵਾਲੀ ਗਲੀ ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਜਿੱਤੀ ਕਬਾੜੀਏ ਦੀ ਗਲੀ ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਸਾਹਮਣੇ ਮਕਾਨ ਨੰ: 139 ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਮਕਾਨ ਨੰ: 107 ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਬਿਜਲੀ ਦਫਤਰ ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਰੇਲਵੇ ਲਾਈਨ ਤੀਕ, ਉਕਤ ਰੇਲਵੇ ਲਾਈਨ ਨੂੰ ਪਾਰ ਕਰਕੇ ਮੇਨ ਮਾਰਕੀਟ ਨਰਸਰੀ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਪੀ.ਐਨ.ਬੀ ਬੈਂਕ ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਹਸਤਪਤਾਲ/ ਨਰਸਰੀ ਰੋਡ ਤੀਕ, ਉਕਤ ਰੋਡ ਤੋਂ ਚੱਲਦੇ ਹੋਏ ਸਰਕਾਰੀ ਐਮੀਨੈਂਸ ਸਕੂਲ (ਲੜਕੇ) ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਬੀ.ਬੀ.ਐਮ.ਬੀ ਆਡੋਟੋਰੀਅਮ ਦੀ ਬੈਕ ਸਾਈਡ ਤੋਂ ਐਮ ਬਲਾਕ ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਕੇ ਬਲਾਕ ਤੀਕ, ਉਕਤ ਗਲੀ ਤੋਂ ਚੱਲਦੇ ਹੋਏ ਧੋਬੀ ਘਾਟ ਸੜਕ ਤੀਕ, ਉਕਤ ਸੜਕ ਤੋਂ ਚੱਲਦੇ ਹੋਏ ਐਲ.ਆਈ.ਸੀ ਕਲੋਨੀ ਤੀਕ, ਫਿਰ ਉਕਤ ਰੋਡ ਨੂੰ ਚੱਲਦੇ ਹੋਏ ਭਾਖੜਾ ਫਾਟਕ ਤੀਕ, ਉਕਤ ਫਾਟਕ ਤੋਂ ਚੱਲਦੇ ਹੋਏ ਆਈ.ਟੀ.ਆਈ ਨੰਗਲ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਸਿਵਲ ਕੋਰਟ ਨੰਗਲ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਹਸਪਤਾਲ ਦੇ ਬੈਕਸਾਈਡ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਐਕਸੀਅਨ ਦਫਤਰ ਬੀ.ਬੀ.ਐਮ.ਬੀ ਤੀਕ, ਫਿਰ ਸਤਲੁਜ਼ ਸਦਨ ਦੀ ਰੋਡ ਤੋਂ ਹੁੰਦੇ ਹੋਏ ਕ੍ਰਿਕਟ ਗਰਾਉਂਡ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਮੇਨ ਭਾਖੜਾ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਭਾਖੜਾ ਮੇਨ ਰੋਡ ਤੇ ਪਿੰਡ ਦੁਬੇਟਾ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

### ਵਾਰਡ ਨੰ: 3 (ਇਸਤਰੀ ਮੈਂਬਰਾਂ ਲਈ ਰਾਖਵਾਂ)

ਬਰਮਲ੍ਹਾਂ ਫਾਟਕ ਦੇ ਮਿਲਣ ਵਾਲੇ ਸਥਾਨ ਤੋ ਆਰੰਭ ਹੋ ਕੇ ਮੇਨ ਭਾਖੜਾ ਰੋਡ ਤੇ ਚੱਲਦੇ ਹੋਏ ਖੱਡ ਬਰਮੁਲਾ ਤੀਕ, ਫਿਰ ਉਕਤ ਕੱਚੇ ਰਸਤੇ ਤੋਂ ਚੱਲਦੇ ਹੋਏ ਸੜਕ ਸਮਸਾਨ ਘਾਟ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਵਾਪਸ ਮੇਨ ਭਾਖੜਾ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਦੁਪੇਟਾ ਪਿੰਡ ਰੋਡ ਨੇੜ ਰੇਲਵੇ ਲਾਈਨ ਤੀਕ, ਫਿਰ ਉਕਤ ਰੇਲਵੇ ਲਾਈਨ ਨੂੰ ਪਾਰ ਕਰਦੇ ਹੋਏ ਚੱਲਦੇ ਹੋਏ ਪੀ.ਆਰ.ਓ ਫਾਟਕ ਤੀਕ, ਫਿਰ ਉਕਤ ਫਾਟਕ ਤੋਂ ਚੱਲਦੇ ਹੋਏ ਗੁਰੂਦੁਆਰਾ ਸਾਹਿਬ ਦੀ ਬੈਕਸਾਈਡ ਦੀ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਸੰਜੇ ਸਾਹਨੀ ਦੇ ਘਰ ਦੀ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਯਾਦਵ ਦੇ ਘਰ ਦੀ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਹਾਥੀ ਮਥਾ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਨਗਰ ਕੌਂਸਲ ਦੀ ਪੂਰਬ ਹੱਦ ਤੀਕ, ਫਿਰ ਉਕਤ ਹੱਦ ਤੋਂ ਚੱਲਦੇ ਹੋਏ ਬਰਮਲ੍ਹਾਂ ਫਾਟਕ ਦੇ ਮਿਲਣ ਵਾਲੇ ਸਥਾਨ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

### ਵਾਰਡ ਨੰ: 4

ਬੀ.ਬੀ.ਐਮ ਬੀ ਦੇ ਮਿਲਣ ਵਾਲੇ ਸਥਾਨ ਐਫ ਅਤੇ ਐਨ ਬਲਾਕ ਤੋ ਆਰੰਭ ਹੋ ਕੇ ਸਾਹਮਣੇ ਓ ਬਲਾਕ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਭਾਖੜਾ ਮਿਲ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਮੇਨ ਮਾਰਕੀਟ ਨਰਸਰੀ ਰੋਡ ਤੀਕ, ਫਿਰ

ਉਕਤ ਰੋਡ ਤੋਂ ਚੱਲਦੇ ਹੋਏ ਰੇਲਵੇ ਲਾਈਨ ਪਾਰ ਕਰਦੇ ਹੋਏ ਵਿਧੁਤ ਸਦਨ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਮਕਾਨ ਨੰ: 179 ਐਚ ਐਚ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਲਾਲ ਕੋਠੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਹਾਥੀ ਮਥਾ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ, ਫਿਰ ਉਕਤ ਹੱਦ ਤੋਂ ਚੱਲਦੇ ਹੋਏ ਮੁਹੱਲਾ ਰਾਮ ਨਗਰ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਆਨੰਦ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਰੇਲਵੇ ਫਾਟਕ ਪਾਰ ਕਰਕੇ ਬੀ.ਬੀ.ਐਮ ਬੀ ਦੇ ਮਿਲਣ ਵਾਲੇ ਸਥਾਨ ਐਫ ਅਤੇ ਐਨ ਬਲਾਕ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

## ਵਾਰਡ ਨੰ: 5 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ)

ਮਾਤਾ ਅਨਸੂਈਆ ਮੰਦਿਰ ਅਤੇ ਮਾਤਾ ਜਲਫਾ ਮੰਦਿਰ ਦੇ ਮਿਲਣ ਵਾਲੇ ਸਥਾਨ ਤੋ ਆਰੰਭ ਹੋ ਕੇ ਭੱਟੀ ਨਿਵਾਸ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਸੰਸਾਰ ਚੰਦ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਉਸ਼ਾ ਵਾਲੀ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਪਹਾੜੀ ਮਾਰਕੀਟ ਰੋਡ ਤੀਕ, ਫਿਰ ਉਕਤ ਰੋਡ ਦੇ ਨਾਲ ਰੇਲਵੇ ਲਾਈਨ ਦੇ ਨਾਲ ਚੱਲਦੇ ਹੋਏ ਡਿਵਾਈਨ ਸਿੱਪ ਰੈਸਟੋਰੇਂਟ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਹਾਥੀ ਮਥਾ ਰੋਡ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਮਾਤਾ ਅਨਸੂਈਆ ਮੰਦਿਰ ਅਤੇ ਮਾਤਾ ਜਲਫਾ ਮੰਦਿਰ ਰੋਡ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

## ਵਾਰਡ ਨੰ: 6

ਨਗਰ ਕੌਂਸਲ ਦੀ ਪੂਰਬੀ ਹੱਦ ਦੇ ਮਿਲਣ ਵਾਲੇ ਸਥਾਨ ਤੋ ਆਰੰਭ ਹੋ ਕੇ ਦਵਿੰਦਰ ਰਾਣਾ ਪ੍ਰੋਪਰਟੀ ਦੇ ਘਰ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਜੀ.ਬੀ.ਟੀ ਸਕੂਲ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਭੋਲੂਰਾਮ ਸਰਾਏ ਦੀ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਮਕਾਨ ਨੰ: 96 ਬਲਾਕ ਈ.ਬੀ ਤੀਕ, ਫਿਰ ਉਕਤ ਬਲਾਕ ਤੋਂ ਚੱਲਦੇ ਹੋਏ ਮਹਾਵੀਰ ਮਾਰਕੀਟ ਫਾਟਕ ਤੀਕ, ਫਿਰ ਉਕਤ ਫਾਟਕ ਤੋਂ ਚੱਲਦੇ ਹੋਏ ਪਹਾੜੀ ਮਾਰਕੀਟ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਟੂਰਿਸਟ ਬੰਗਲਾ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਸੰਸਾਰ ਚੰਦ ਦੀ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਭੱਟੀ ਨਿਵਾਸ ਦੀ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਪਿੰਡ ਹੱਬੇਵਾਲ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

## ਵਾਰਡ ਨੰ: 7 (ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਕੌਂਸਲ ਦੀ ਪੂਰਬੀ ਹੱਦ ਅਤੇ ਹਬੇਵਾਲ ਪਿੰਡ ਰੋਡ ਦੇ ਮਿਲਣ ਵਾਲੇ ਸਥਾਨ ਤੋ ਆਰੰਭ ਹੋ ਕੇ ਖਵਾਜਾ ਮੰਦਿਰ ਰੋਡ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਸੜਕ ਰਾਜ ਨਗਰ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਗਲੀ ਭਗਤ ਨਸੀਬ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਆਨੰਦਪੁਰ ਹਾਈਡਲ ਚੈਨਲ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਖਵਾਜਾ ਮੰਦਿਰ ਦੇ ਪੁੱਲ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਆਨੰਦਪੁਰ ਹਾਈਡਲ ਚੈਨਲ ਰੋਡ ਦੇ ਨਾਲ ਚਲਦੇ ਹੋਏ ਜੀ.ਟੀ.ਬੀ ਸਕੂਲ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਮਕਾਨ ਨੰ:333 ਐਫ.ਐਫ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਗੁਗਾ ਮਾੜੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਪੋਲੂ ਰਾਮ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਸਕੂਲ ਕਿਲਨ ਏਰੀਏ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਅਤੇ ਹਬੇਵਾਲ ਪਿੰਡ ਦੀ ਰੋਡ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

## ਵਾਰਡ ਨੰ: 8 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਮਹਾਵੀਰ ਮਾਰਕੀਟ ਅਤੇ ਸਟਾਫ ਕਲੱਬ ਦੇ ਮਿਲਣ ਵਾਲੇ ਸਥਾਨ ਤੋ ਆਰੰਭ ਹੋ ਕੇ ਰੇਲਵੇ ਲਾਈਨ ਪਾਰ ਕਰਕੇ ਹੋਏ ਮਕਾਨ ਨੰ 1 ਐਫ.ਐਫ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਗੁਗਾ ਮਾੜੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਮਕਾਨ ਨੰ: 333 ਐਫ.ਐਫ ਦੀ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਮਕਾਨ ਨੰਬਰ 235 ਐਫ.ਐਫ ਦੀ ਗਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਇੰਦਰਾ ਨਗਰ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਰੇਲਵੇ ਲਾਈਨ ਪਾਰ ਕਰਦੇ ਹੋਏ ਗੰਦਾ ਨਾਲਾ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਗੁਰੂਦਆਰਾ ਸਾਹਿਬ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਮਹਾਵੀਰ ਮਾਰਕੀਟ ਅਤੇ ਸਟਾਫ ਕਲੱਬ ਦੀ ਰੋਡ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

## ਵਾਰਡ ਨੰ: 9 (ਇਸਤਰੀ ਮੈਂਬਰਾਂ ਲਈ ਰਾਖਵਾਂ)

ਭਾਖੜਾ ਫਲੌਰ ਮਿਲ ਬਲਾਕ ਦੇ ਮਿਲਣ ਵਾਲੇ ਸਥਾਨ ਤੋ ਆਰੰਭ ਹੋ ਕੇ ਸਟਾਫ ਕਲੱਬ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਡੀ.ਐਸ ਈ.ਈ ਬਲਾਕ ਦੀ ਰੋਡ ਨਾਲ ਗੰਦਾ ਨਾਲ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਰੇਵਲੇ ਲਾਈਨ ਪਾਰਕ ਕਰਕੇ ਐਮ.ਸੀ ਆਫਿਸ ਟੈਕਸ ਬ੍ਰਾਂਚ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਅੱਡਾ ਮਾਰਕੀਟ ਡਬਲ ਸੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਬੱਸ ਟਰਮੀਨਲ ਦੇ ਪੈਟਰੋਲ ਪੰਪ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਰੇਲਵੇ ਰੋਡ ਦੀ ਬੈਕਸਾਈਡ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਰੇਲਵੇ ਸਟੇਸ਼ਨ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਗਲੀ ਟੀ.ਵੀ.ਐਸ ਏਜੰਸੀ ਦੀ ਰੋਡ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਰੇਲਵੇ ਲਾਈਨ ਤੀਕ, ਫਿਰ ਉਕਤ ਰੇਲਵੇ ਲਾਈਨ ਨਾਲ ਵਾਪਿਸ ਚੱਲਦੇ ਹੋਏ ਨੰਗਲ ਹਾਈਡਲ ਚੈਨਲ ਦੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਰੇਲਵੇ ਲਾਈਨ ਪਾਰ ਕਰਕੇ ਆਈ.ਬਲਾਕ ਚੌਂਕ ਤੀਕ, ਫਿਰ ਉਕਤ ਚੌਂਕ ਤੋਂ ਚੱਲਦੇ ਹੋਏ ਐਲ.ਆਈ.ਸੀ ਬਲਾਕ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਧੋਬੀ ਘਾਟ ਰੋਡ ਨਾਲ ਚਲਦੇ ਹੋਏ ਕੇ ਬਲਾਕ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਫਾਇਰ ਸਟੇਸ਼ਨ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਭਾਖੜਾ ਫਲੌਰ ਮਿਲ ਬਲਾਕ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

## ਵਾਰਡ ਨੰ: 10

ਖਵਾਜਾ ਮੰਦਿਰ ਅਤੇ ਅੱਡਾ ਮਾਰਕੀਟ ਮੇਨ ਰੋਡ ਦੇ ਮਿਲਣ ਵਾਲੇ ਸਥਾਨ ਤੋ ਆਰੰਭ ਹੋ ਕੇ ਆਨੰਦਪੁਰ ਹਾਈਡਲ ਚੈਨਲ ਦੇ ਨਾਲ ਚੱਲਦੇ ਹੋਏ ਖਵਾਜਾ ਮੰਦਿਰ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਗਲੀ ਭਗਤ ਨਸੀਬ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਗਲੀ ਗਣਾ ਰਾਮ ਵਾਲੀ ਤੀਕ, ਫਿਰ ਉਕਤ ਗਲੀ ਤੋਂ ਚੱਲਦੇ ਹੋਏ ਨੰਗਲ ਹਾਈਡਲ ਚੈਨਲ ਰੋਡ ਤੀਕ, ਫਿਰ ਉਕਤ ਰੋਡ ਨਾਲ ਤੋਂ ਚੱਲਦੇ ਹੋਏ ਖਵਾਜਾ ਮੰਦਿਰ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ, ਫਿਰ ਉਕਤ ਹੱਦ ਤੋਂ ਚੱਲਦੇ ਹੋਏ ਜਵਾਹਰ ਮਾਰਕੀਟ ਛੋਟੇ ਪੁਲ ਦੇ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਮਹਾਰਾਣਾ ਪ੍ਰਤਾਪ ਪਾਰਕ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਰੇਲਵੇ ਰੋਡ ਦੀ ਬੈਕ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਕੈਹਲ ਸਕੈਨ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਵਾਪਿਸ ਬੈਕ ਰੋਡ ਹੁੰਦੇ ਹੋਏ ਟਰੱਕ ਯੂਨੀਅਰ ਰੋਡ ਤੀਕ, ਫਿਰ ਉਕਤ ਰੋਡ ਤੋਂ ਚੱਲਦੇ ਹੋਏ ਖਵਾਜਾ ਮੰਦਿਰ ਅਤੇ ਅੱਡਾ ਮਾਰਕੀਟ ਮੇਨ ਰੋਡ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

## ਵਾਰਡ ਨੰ. 11 (ਇਸਤਰੀ ਮੈਂਬਰਾਂ ਲਈ ਰਾਖਵਾਂ)

ਰੇਲਵੇ ਸਟੇਸ਼ਨ ਦੇ ਸਾਹਮਣੇ ਅਤੇ ਕੈਹਲ ਸਕੈਨ ਦੇ ਸਾਹਮਣੇ ਵਾਲੀ ਗਲੀ ਤੋ ਸੁਰੂ ਹੋਕੇ ਮਹਾਰਾਣਾ ਪ੍ਰਤਾਪ ਪਾਰਕ ਤੀਕ, ਫਿਰ ਉਕਤ ਮਹਾਰਾਣਾ ਪ੍ਰਤਾਪ ਪਾਰਕ ਤੋਂ ਐਨ.ਐਚ. 503 ਜਵਾਹਰ ਮਾਰਕੀਟ ਤੋਂ ਚੱਲਦੇ ਹੋਏ ਨਗਰ ਕੌਂਸਲ ਦੀ ਹਦੂਦ ਤੀਕ, ਫਿਰ ਉਕਤ ਨਗਰ ਕੌਂਸਲ ਦੀ ਹਦੂਦ ਤੋਂ ਕਮਿਊਨਿਟੀ ਸੈਂਟਰ ਰੇਲਵੇ ਲਾਈਨ ਤੀਕ, ਫਿਰ ਉਕਤ ਕਮਿਊਨਿਟੀ ਸੈਂਟਰ ਦੀ ਰੇਲਵੇ ਲਾਈਨ ਤੋਂ ਗਲੀ ਦਿੱਲੀ ਰਿਜੋਰਟ ਤੀਕ, ਫਿਰ ਉਕਤ ਰਿਜੋਰਟ ਤੋਂ ਐਨ.ਐਚ. 503 ਵੱਲ ਚੱਲਦੇ ਹੋਏ ਗਾਂਧੀ ਚੌਂਕ ਤੀਕ, ਫਿਰ ਉਕਤ ਗਾਂਧੀ ਚੌਂਕ ਤੋਂ ਗਲੀ ਟੀ.ਵੀ.ਐਸ. ਏਜੰਸੀ ਵਾਲੀ ਗਲੀ ਤੀਕ, ਫਿਰ ਉਕਤ ਏਜੰਸੀ ਵਾਲੀ ਗਲੀ ਤੋਂ ਮਹਾਰਾਣਾ ਪ੍ਰਤਾਪ ਪਾਰਕ ਤੀਕ, ਫਿਰ ਉਕਤ ਮਹਾਰਾਣਾ ਪ੍ਰਤਾਪ ਪਾਰਕ ਤੋਂ ਰੇਲਵੇ ਸਟੇਸ਼ਨ ਦੇ ਸਾਹਮਣੇ ਅਤੇ ਕੇਹਲ ਸਕੈਲ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

## ਵਾਰਡ ਨੰ. 12 ( ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਕੰਚੇੜੇ ਦੇ ਮਕਾਨ ਨੰਬਰ 63 ਅਤੇ ਮਕਾਨ ਨੰਬਰ 57 ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਉਕਤ ਮਕਾਨ ਨਾਲ ਚੱਲਦੇ ਹੋਏ ਰੇਲਵੇ ਲਾਈਨ ਤੀਕ, ਫਿਰ ਉਕਤ ਰੇਲਵੇ ਲਾਈਨ ਨਾਲ ਚੱਲਦੇ ਹੋਏ ਗਾਂਧੀ ਚੋਂਕ ਤੀਕ, ਫਿਰ ਉਕਤ ਚੌਂਕ ਨਾਲ ਚੱਲਦੇ ਹੋਏ ਹਾਈਵੇ ਤੀਕ, ਫਿਰ ਉਕਤ ਹਾਈਵੇ ਨਾਲ ਚੱਲਦੇ ਹੋਏ ਗਲੀ ਦਿੱਲੀ ਰਿਜੋਰਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮਕਾਨ ਨੰਬਰ 41 ਤੀਕ, ਫਿਰ ਉਕਤ ਮਕਾਨ ਨਾਲ ਚੱਲਦੇ ਹੋਏ ਰੇਲਵੇ ਲਾਈਨ ਤੀਕ, ਫਿਰ ਉਕਤ ਰੇਲਵੇ ਲਾਈਨ ਨਾਲ ਚੱਲਦੇ ਹੋਏ ਸੋਅ ਰੂਮ ਨੰਬਰ 125 ਤੀਕ, ਫਿਰ ਉਕਤ ਸੋਅ ਰੂਮ ਨਾਲ ਚੱਲਦੇ ਹੋਏ ਰੇਲਵੇ ਲਾਈਨ ਨੂੰ ਪਾਰ ਕਰਦੇ ਹੋਏ ਮਕਾਨ ਨੰਬਰ 168 ਤੀਕ, ਫਿਰ ਉਕਤ ਮਕਾਨ ਨਾਲ ਚੱਲਦੇ ਹੋਏ ਕਚੇੜੇ ਦੇ ਮਕਾਨ ਨੰਬਰ 63 ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ. 13 (ਪੱਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਲਈ ਰਾਖਵਾਂ)**

ਕਥੇੜਾ ਦੇ ਮਕਾਨ ਨੰਬਰ 190 ਤੋਂ ਰੇਲਵੇ ਲਾਈਨ ਤੀਕ, ਫਿਰ ਉਕਤ ਰੇਲਵੇ ਲਾਈਨ ਤੋ ਚੋਅ ਤੀਕ, ਫਿਰ ਉਕਤ ਚੋਅ ਤੋਂ ਨਗਰ ਕੌਂਸਲ ਦੀ ਹਦੂਦ ਤੀਕ, ਫਿਕ ਉਕਤ ਨਗਰ ਕੌਂਸਲ ਦੀ ਹਦੂਦ ਤੋਂ ਮਕਾਨ ਨੰਬਰ 282 ਤੀਕ, ਫਿਰ ਉਕਤ ਮਕਾਨ ਨੰਬਰ 282 ਤੋਂ ਪਿੰਡ ਰਾਮਪੁਰ ਸ਼ਾਨੀ ਵਾਲੀ ਰੋਡ ਤੀਕ, ਫਿਰ ਉਕਤ ਰਾਮਪੁਰ ਸਾਨੀ ਵਾਲੀ ਰੋਡ ਤੋਂ ਮੇਦਾ ਮਾਜਰਾ ਦੇ ਮਕਾਨ ਨੰਬਰ 424 ਤੋਂ 429 ਤੀਕ, ਫਿਰ ਉਕਤ ਮਕਾਨ ਨੰਬਰ 429 ਤੋਂ ਸਮਸਾਨ ਘਾਟ ਤੀਕ, ਫਿਰ ਉਕਤ ਸਮਸਾਨ ਘਾਟ ਤੋਂ ਜਾਨਵਰਾਂ ਵਾਲੇ ਹਸਪਤਾਲ ਤੀਕ, ਫਿਰ ਉਕਤ ਜਾਨਵਰਾਂ ਵਾਲੇ ਹਸਪਤਾਲ ਤੋਂ ਕਥੇਡਾ ਦੇ ਸੀਨੀਅਰ ਸਕੈਂਡਰੀ ਸਕੂਲ ਤੀਕ, ਫਿਰ ਉਕਤ ਕਥੇਡਾ ਦੇ ਸੀਨੀਅਰ ਸਕੈਂਡਰੀ ਸਕੂਲ ਤੋਂ ਮੇਦਾ ਮਾਜਰਾ ਰੋਡ ਤੀਕ, ਫਿਰ ਉਕਤ ਮੇਦਾ ਮਾਜਰਾ ਰੋਡ ਤੋਂ ਮਕਾਨ ਨੰਬਰ 210 ਤੀਕ, ਫਿਰ ਉਕਤ ਮਕਾਨ ਨੰਬਰ 210 ਤੋਂ ਮਕਾਨ ਨੰਬਰ 396 ਤੀਕ, ਫਿਰ ਉਕਤ ਮਕਾਨ ਨੰਬਰ 396 ਤੋਂ ਮਕਾਨ ਨੰਬਰ 389 ਤੀਕ, ਫਿਰ ਮਕਾਨ ਨੰਬਰ 389 ਤੋ ਮਕਾਨ ਨੰਬਰ 190 ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ. 14**

ਪਿੰਡ ਬਰਾਰੀ ਦੇ ਫਾਟਕ ਤੋਂ ਸੁਰੂ ਹੋਕੇ ਮਕਾਨ ਨੰਬਰ 50 ਤੀਕ, ਫਿਰ ਉਕਤ ਮਕਾਨ ਨੰਬਰ 50 ਤੋਂ ਮਕਾਨ ਨੰਬਰ 56 ਤੀਕ, ਫਿਰ ਉਕਤ ਮਕਾਨ ਤੋਂ ਕਥੇੜਾ ਰੋਡ ਤੀਕ, ਫਿਰ ਕਥੇਡਾ ਰੋਡ ਦੇ ਮਕਾਨ ਨੰਬਰ 250 ਤੋਂ 355 ਤੀਕ, ਫਿਰ ਉਕਤ ਮਕਾਨ ਨੰਬਰ 355 ਤੋਂ 362 ਤੀਕ, ਫਿਰ ਉਕਤ ਮਕਾਨ ਨੰਬਰ 362 ਤੋਂ 169 ਤੀਕ, ਫਿਰ ਉਕਤ ਮਕਾਨ ਨੰਬਰ 169 ਤੋਂ 183 ਤੀਕ, ਫਿਰ ਉਕਤ ਮਕਾਨ ਨੰਬਰ 183 ਤੋਂ 382 ਤੀਕ, ਫਿਰ ਉਕਤ ਮਕਾਨ ਨੰਬਰ 382 ਤੋਂ ਮਕਾਨ ਨੰਬਰ 222 ਤੀਕ, ਫਿਰ ਉਕਤ ਮਕਾਨ ਨੰਬਰ 222 ਤੋ 28 ਤੀਕ, ਫਿਰ ਉਕਤ ਮਕਾਨ ਨੰਬਰ 28 ਤੋਂ ਪੀ.ਐਚ.ਪੀ. ਦਫ਼ਤਰ ਤੀਕ, ਫਿਰ ਉਕਤ ਪੀ.ਐਚ.ਪੀ. ਦਫ਼ਤਰ ਪਿੰਡ ਬਰਾਰੀ ਦੇ ਫਾਟਕ ਤੀਕ, ਅਰਥਾਨ ਜਿੱਥੋਂ ਆਰੰਭ ਕੀਤਾ ਸੀ।

**ਵਾਰਡ ਨੰ. 15 (ਇਸਤਰੀ ਮੈਂਬਰਾਂ ਲਈ ਰਾਖਵਾਂ)**

ਸਤਿਗੁਰੂ ਰਵਿਦਾਸ ਚੌਂਕ ਤੋਂ ਹੁੰਦੇ ਹੋਏ ਐਨ.ਐਫ.ਐਲ. ਚੌਂਕ ਤੀਕ, ਫਿਰ ਉਕਤ ਐਨ.ਐਫ.ਐਲ ਚੌਂਕ ਤੋਂ ਨੰਗਲ ਡੈਮ ਤੀਕ, ਫਿਰ ਉਕਤ ਨੰਗਲ ਡੈਮ ਤੋਂ ਰੇਲਵੇ ਲਾਈਨ ਦੇ ਨਾਲ ਚੱਲਦੇ ਹੋਏ ਸੀਵਰੇਜ਼ ਟਰੀਟਮੈਂਟ ਪਲਾਂਟ ਤੀਕ, ਫਿਰ ਉਕਤ ਸੀਵਰੇਜ਼ ਟਰੀਟਮੈਂਟ ਪਲਾਂਟ ਤੋਂ ਕਥੇਡਾ ਦੇ ਮਕਾਨ ਨੰਬਰ 215 ਤੀਕ, ਫਿਰ ਉਕਤ ਮਕਾਨ ਨੰਬਰ 215 ਤੋਂ ਨਹਿਰੂ ਭਵਨ ਤੀਕ, ਫਿਰ ਉਕਤ ਨਹਿਰੂ ਭਵਨ ਤੋਂ ਬਰਾਰੀ ਰੋਡ ਤੋਂ ਚਲਦੇ ਹੋਏ ਸੀਨੀਅਰ ਸਕੈਂਡਰੀ ਸਕੂਲ ਕਥੇੜਾ ਤੀਕ, ਫਿਰ ਉਕਤ ਸੀਨੀਅਰ ਸਕੈਂਡਰੀ ਸਕੂਲ ਕਥੇੜਾ ਤੋਂ ਕਥੇਡਾ ਪਲਾਟ ਨੰਬਰ 20 ਤੀਕ, ਫਿਰ ਉਕਤ ਪਲਾਟ ਨੰਬਰ 20 ਤੋਂ ਸੀਨੀਅਰ ਸਕੈਂਡਰੀ ਸਕੂਲ ਕਥੇੜਾ ਤੀਕ, ਫਿਰ ਉਕਤ ਸੀਨੀਅਰ ਸਕੈਂਡਰੀ ਸਕੂਲ ਕਥੇੜਾ ਤੋਂ ਸਮਸਾਨ ਘਾਟ ਵਾਲੀ ਸੜਕ ਤੀਕ, ਫਿਰ ਉਕਤ ਸਮਸਾਨ ਘਾਟ ਵਾਲੀ ਸੜਕ ਤੋਂ ਸਿਵ ਮੰਦਿਰ ਤੀਕ, ਫਿਰ ਉਕਤ ਸਿਵ ਮੰਦਿਰ ਤੋਂ ਨੰਗਲ ਡੈਮ ਸਮਸਾਨ ਘਾਟ ਤੀਕ, ਫਿਰ ਉਕਤ ਨੰਗਲ ਡੈਮ ਸਮਸਾਨ ਘਾਟ ਤੋਂ ਨਵੇਂ ਬਣੇ ਫਲਾਈਓਵਰ ਤੋਂ ਬੀ.ਐਸ.ਐਨ.ਐਲ ਟਾਵਰ ਤੀਕ, ਫਿਰ ਉਕਤ ਬੀ.ਐਸ.ਐਨ.ਐਲ ਟਾਵਰ ਤੋਂ ਸਿਵ ਮੰਦਿਰ ਮੋਜ਼ੋਵਾਲ ਤੀਕ, ਫਿਰ ਉਕਤ ਸਿਵਲ ਮੰਦਿਰ ਮੋਜ਼ੋਵਾਲ ਤੋਂ ਭਲਾਨ ਵਾਲੀ ਸੜਕ ਤੀਕ, ਫਿਰ ਉਕਤ ਭਲਾਨ ਵਾਲੀ ਸੜਕ ਤੋਂ ਮੋਜ਼ੋਵਾਲ ਦੀ ਹੱਦ ਤੀਕ, ਫਿਰ ਉਕਤ ਮੋਜ਼ੋਵਾਲ ਦੀ ਹੱਦ ਤੋਂ ਸਤਿਗੁਰੂ ਰਵਿਦਾਸ ਚੌਂਕ ਤੀਕ, ਅਰਥਾਤ ਜਿਥੋ ਆਰੰਭ ਕੀਤਾ ਸੀ।

**ਵਾਰਡ ਨੰ. 16**

ਬਾਲਮੀਕ ਚੌਂਕ ਤੋਂ ਸੁਰੂ ਹੁੰਦੇ ਹੋਏ ਐਨ.ਐਫ.ਐਲ. ਰੇਲਵੇ ਲਾਈਨ ਦੇ ਪੁੱਲ ਤੱਕ, ਫਿਰ ਉਕਤ ਰੇਲਵੇ ਲਾਈਨ ਦੇ ਪੁੱਲ ਤੋਂ ਪੀ.ਐਨ.ਐਫ.ਸੀ ਕਲੋਨੀ ਰੇਲਵੇ ਲਾਈਨ ਖਤਮ ਹੋਣ ਤੀਕ, ਫਿਰ ਉਕਤ ਪੀ.ਐਨ.ਐਫ.ਸੀ ਕਲੋਨੀ ਤੋਂ ਫੋਕਲ ਪੁਆਇੰਟ ਤੀਕ, ਫਿਰ ਉਕਤ ਫੋਕਲ ਪੁਆਇੰਟ ਤੋਂ ਕਲੋਨੀ ਮੇਦਾ ਮਾਜਰਾ ਤੀਕ, ਫਿਰ ਉਕਤ ਮੇਦਾ ਮਾਜਰਾ ਤੋਂ ਭੱਠਾ ਕਲੋਨੀ ਸੜਕ ਤੀਕ, ਫਿਰ ਉਕਤ ਭੱਠਾ ਕਲੋਨੀ ਤੋਂ ਚੱਲਦੇ ਹੋਏ ਲਾਇਬਰੇਰੀ ਰੋਡ ਤੀਕ, ਫਿਰ ਉਕਤ ਲਾਇਬਰੇਰੀ ਰੋਡ ਤੋਂ ਮਕਾਨ ਨੰਬਰ 254 ਤੀਕ, ਫਿਰ ਉਕਤ ਮਕਾਨ ਨੰਬਰ 254 ਤੋਂ ਚੱਲਦੇ ਹੋਏ ਬੱਸ ਸੈਲਟਰ ਅਜੋਲੀ ਮੋਡ ਤੀਕ, ਫਿਰ ਉਕਤ ਬੱਸ ਸੈਲਟਰ ਅਜੋਲੀ ਮੋਡ ਤੋਂ ਬਾਲਮੀਕ ਚੌਂਕ ਤੱਕ। ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ. 17 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ)**

ਨੰਗਲ ਡੈਮ ਪੁਰਾਣੇ ਪੁੱਲ ਤੋਂ ਰੇਲਵੇ ਲਾਈਨ ਤੋਂ ਸੁਰੂ ਹੋਕੇ ਸਕੈਟਰ 01 ਫਾਟਕ ਤੀਕ, ਫਿਰ ਉਕਤ ਸਕੈਟਰ 01 ਤੋਂ ਐਨ.ਐਫ.ਐਲ. ਚੌਂਕ ਤੀਕ, ਫਿਰ ਉਕਤ ਐਨ.ਐਫ.ਐਲ. ਚੌਂਕ ਤੋਂ ਐਨ.ਐਚ 503 ਤੇ ਚੱਲਦੇ ਹੋਏ ਬੱਸ ਸੈਲਟਰ ਅਜੋਲੀ ਮੋੜ

ਤੀਕ, ਫਿਰ ਉਕਤ ਅਜੋਲੀ ਮੋੜ ਤੋਂ ਰੇਲਵੇ ਫਾਟਕ ਤੱਕੀ, ਫਿਰ ਉਕਤ ਰੇਲਵੇ ਫਾਟਕ ਤੋਂ ਰਣਜੀਤ ਸੈਣੀ ਦੀ ਚੱਕੀ ਤੀਕ, ਫਿਰ ਉਕਤ ਰਣਜੀਤ ਸੈਣੀ ਦੀ ਚੱਕੀ ਤੋ ਗੁਰੂਦੁਆਰਾ ਸੈਕਟਰ 02 ਤੀਕ, ਫਿਰ ਉਕਤ ਗੁਰੂਦੁਆਰਾ ਸੈਕਟਰ 02 ਤੋਂ ਐਮ.ਸੀ. ਪਾਰਕ ਤੀਕ, ਫਿਰ ਉਕਤ ਐਮ.ਸੀ. ਪਾਰਕ ਤੋਂ ਯੂਨਾਇਟਡ ਇੰਨਸੋਰੈਸ਼ਨ ਸੜਕ ਤੀਕ, ਫਿਰ ਉਕਤ ਯੂਨਾਇਟਡ ਇੰਨਸੋਰੈਸ਼ਨ ਸੜਕ ਤੋ ਨੰਗਲ ਡੈਮ ਪੁਰਾਣੇ ਪੁੱਲ ਤੋਂ ਰੇਲਵੇ ਲਾਈਨ ਤੀਕ,ਅਰਥਾਤ ਜਿਥੋ ਆਰੰਭ ਕੀਤਾ ਸੀ।

## ਵਾਰਡ ਨੰ. 18

ਟੀ.ਪੀ. ਸਕੀਮ ਬਾਊਂਡਰੀ ਤੋਂ ਮਕਾਨ ਨੰਬਰ 1473 ਤੀਕ, ਫਿਰ ਉਕਤ ਮਕਾਨ ਨੰਬਰ 1473 ਤੋਂ ਮਕਾਨ ਨੰਬਰ 1501 ਤੀਕ, ਫਿਰ ਉਕਤ ਮਕਾਨ ਨੰਬਰ 1501 ਤੋਂ 1545 ਤੀਕ, ਫਿਰ ਉਕਤ ਮਕਾਨ ਨੰਬਰ 1545 ਤੋਂ ਮਕਾਨ ਨੰਬਰ 1386 ਤੀਕ, ਫਿਰ ਉਕਤ ਮਕਾਨ ਨੰਬਰ 1386 ਤੋਂ 1220 ਤੀਕ, ਫਿਰ ਉਕਤ ਮਕਾਨ ਨੰਬਰ 1220 ਤੋਂ ਅਮੋਲ ਕਾਲੀਆ ਪਾਰਕ ਤੀਕ, ਫਿਰ ਉਕਤ ਅਮੋਲ ਕਾਲੀਆ ਪਾਰਕ ਤੋਂ ਸੈਕਟਰ 01 ਅਤੇ 05 ਤੇ ਮਿਲਣ ਵਾਲੇ ਚੌਂਕ ਤੀਕ, ਫਿਰ ਉਕਤ ਚੌਂਕ ਤੋਂ ਸੈਕਟਰ 02 ਮਾਰਕੀਟ ਸੜਕ ਤੀਕ, ਫਿਰ ਉਕਤ ਸੜਕ ਤੋਂ ਸ੍ਰੀ ਸ੍ਰੀ ਰਵੀਸੰਕਰ ਸਕੂਲ ਦੀ ਸੜਕ ਤੀਕ, ਫਿਰ ਉਕਤ ਰਵੀਸੰਕਰ ਸਕੂਲ ਦੀ ਸੜਕ ਤੋਂ ਅਜੋਲੀ ਮੋੜ ਫਾਟਕ ਤੀਕ, ਫਿਰ ਉਕਤ ਅਜੋਲੀ ਰੋੜ ਫਾਟਕ ਤੋਂ ਸਿਵਾਲਿਕ ਐਵੇਨਿਯੂ 1ਏ ਦੇ ਮਕਾਨ ਨੰਬਰ 304 ਤੀਕ, ਫਿਰ ਉਕਤ ਮਕਾਨ ਨੰਬਰ 304 ਤੋਂ ਮਕਾਨ ਨੰਬਰ 254 ਤੀਕ, ਫਿਰ ਉਕਤ ਮਕਾਨ ਨੰਬਰ 254 ਤੋਂ ਮਕਾਨ ਨੰਬਰ 494 ਤੀਕ, ਫਿਰ ਉਕਤ ਮਕਾਨ ਨੰਬਰ 494 ਤੋਂ ਫੇਜ਼ 1ਬੀ ਦੀ ਲਾਇਬਰੇਰੀ ਤੀਕ, ਫਿਰ ਉਕਤ ਲਾਇਰੇਰੀ ਦੀ ਟੀ.ਪੀ. ਸਕੀਮ ਬਾਊਂਡਰੀ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

## ਵਾਰਡ ਨੰ. 19 (ਇਸਤਰੀ ਮੈਂਬਰਾਂ ਲਈ ਰਾਖਵਾਂ)

ਸ੍ਰੀ ਭਬੋਰ ਸਾਹਿਬ ਤੋਂ ਥੱਲੇ ਨਗਰ ਕੌਂਸਲ ਦੀ ਹੱਦ ਤੋਂ ਸੁਰੂ ਹੁੰਦੇ ਹੋਏ ਸੜਕ ਵਾਟਰ ਵਰਕਸ ਤੀਕ, ਫਿਰ ਉਕਤ ਵਾਟਰ ਵਰਕਸ ਤੋਂ ਸੜਕ ਸ੍ਰੀ ਭਬੋਰ ਸਾਹਿਬ ਤੀਕ, ਫਿਰ ਉਕਤ ਸੜਕ ਤੋ ਲੈ ਕੇ ਸੜਕ ਐਸ.ਬੀ.ਆਈ ਬੈਂਕ ਦੀ ਸੜਕ ਤੀਕ, ਫਿਰ ਉਕਤ ਸੜਕ ਤੋਂ ਲੈ ਕੇ ਮਥੁਵਨ ਪਾਰਕ ਤੀਕ, ਫਿਰ ਉਕਤ ਮਧੂਵਨ ਪਾਰਕ ਤੋਂ ਸੈਕਟਰ ਸੈਣੀ ਦੀ ਆਟਾ ਚੱਕੀ ਤੀਕ, ਫਿਰ ਉਕਤ ਆਟਾ ਚੱਕੀ ਤੋਂ ਸੈਕਟਰ 02 ਸੜਕ ਨੰਬਰ 01 ਤੋਂ ਸੀ.ਐਨ.ਜੀ ਪੰਪ ਤੀਕ, ਫਿਰ ਉਕਤ ਸੀ.ਐਨ.ਜੀ ਪੰਪ ਤੋਂ ਬੱਸ ਸੈਲਟਰ ਤੀਕ, ਫਿਰ ਉਕਤ ਬੱਸ ਸੈਲਟਰ ਤੋਂ ਅਸ਼ਵਨੀ ਦੇ ਘਰ ਦੀ ਰੋਡ ਤੀਕ, ਫਿਰ ਉਕਤ ਰੋਡ ਤੋਂ ਟੀ.ਪੀ. ਸਕੀਮ. ਦੇ ਸਾਹਮਣੇ ਵਾਲੀ ਰੋਡ ਤੀਕ, ਫਿਰ ਉਕਤ ਟੀ.ਪੀ. ਸਕੀਮ ਦੀ ਰੋਡ ਤੋਂ ਪਿੰਡ ਅਜੋਲੀ ਤੋ ਭੱਠਾ ਰੋਡ ਖਤਮ ਹੋਣ ਤੀਕ, ਫਿਰ ਉਕਤ ਭੱਠਾ ਰੋਡ ਤੋਂ ਭੱਠਾ ਕਲੋਨੀ ਦੀ ਹੱਦ ਤੀਕ, ਫਿਰ ਉਕਤ ਭੱਠਾ ਕਲੋਨੀ ਦੀ ਹੱਦ ਤੋਂ ਨਗਰ ਕੌਂਸਲ ਦੀ ਹੱਦ ਤੋਂ ਚੱਲਦੇ ਹੋਏ ਸ੍ਰੀ ਭਬੋਰ ਸਾਹਿਬ ਤੋਂ ਥੱਲੇ ਨਗਰ ਕੌਂਸਲ ਦੀ ਹੱਦ ਤੋਂ ਸੁਰੂ ਹੁੰਦੇ ਹੋਏ ਸੜਕ ਵਾਟਰ ਵਰਕਸ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

ਸਹੀ/-

**ਮਨਜੀਤ ਸਿੰਘ ਬਰਾੜ, ਆਈ.ਏ.ਐਸ,**

ਸਕੱਤਰ, ਪੰਜਾਬ ਸਰਕਾਰ

ਮਿਤੀ 22 ਦਸੰਬਰ, 2025

ਸਥਾਨਕ ਸਰਕਾਰ ਵਿਭਾਗ

*3592/12-2025/Pb. Govt. Press, S.A.S. Nagar*